| | | |
|---|---|---|
| | BCM SCHOOL BASANT. AVENUE. LUDHIANA<br>ASSIGNMENT - May,2026<br>CLASS- 6<br>SUBJECT- PUNJABI | |
| 1 | **ਅਣਡਿੱਠਾ ਪੈਰ੍ਹਾ**<br><br>ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-<br><br>ਰੁੱਖ ਵਾਤਾਵਰਨ ਦਾ ਅਹਿਮ ਹਿੱਸਾ ਹਨ। ਇਹਨਾਂ ਤੋਂ ਬਿਨ੍ਹਾਂ ਕਿਸੇ ਸ਼ੁੱਧ ਤੇ ਸਾਫ਼-ਸੁਥਰੇ ਵਾਤਾਵਰਨ ਦੀ ਕਲਪਨਾ ਕਰਨਾ ਅਸੰਭਵ ਹੈ। ਇਹ ਸਾਡੇ ਵਾਤਾਵਰਨ ਲਈ ਸਾਡੇ ਮਨੁੱਖੀ ਸਰੀਰ ਅੰਦਰ ਗੁਰਦਿਆਂ ਵਾਂਗ ਸਾਫ਼-ਸਫ਼ਾਈ ਰੱਖਦੇ ਹਨ। ਜਿਸ ਕਾਰਨ ਅਸੀਂ ਇਹਨਾਂ ਨੂੰ ਸਾਡੇ 'ਵਾਤਾਵਰਨ ਦੇ ਗੁਰਦੇ' ਵੀ ਕਹਿ ਸਕਦੇ ਹਾਂ। ਇਹ ਮਨੁੱਖ ਨੂੰ ਆਕਸੀਜਨ ਪ੍ਰਦਾਨ ਕਰਦੇ ਹਨ ਜਦਕਿ ਮਨੁੱਖ ਇਹਨਾਂ ਨੂੰ ਕਾਰਬਨ -ਡਾਈਆਕਸਾਈਡ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਇਹ ਰੁੱਖ ਸਾਨੂੰ ਫਲ਼,ਠੰਢੀ ਛਾਂ,ਘਰੇਲੂ ਕੰਮ-ਕਾਰ ਲਈ ਲੱਕੜ ਦੇਣ ਦੇ ਨਾਲ-ਨਾਲ ਸਾਡੀ ਮੀਂਹ-ਕਣੀ ਤੇ ਧੁੱਪ ਤੋਂ ਸੁਰੱਖਿਆ ਵੀ ਕਰਦੇ ਹਨ। ਇੰਝ ਕਿਹਾ ਜਾ ਸਕਦਾ ਹੈ, ਰੁੱਖਾਂ ਤੇ ਮਨੁੱਖਾਂ ਦਾ ਰਿਸ਼ਤਾ ਜਨਮ-ਜਨਮਾਂਤਰਾਂ ਤੋਂ ਚੱਲਦਾ ਆ ਰਿਹਾ ਹੈ।<br><br>ਉਪਰੋਕਤ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-<br>(ੳ) ਵਾਤਾਵਰਨ ਦਾ ਅਹਿਮ ਹਿੱਸਾ ਕੌਣ ਹਨ?<br>1. ਮਨੁੱਖ 2. ਰੁੱਖ. 3. ਪਸ਼ੂ 4. ਪੰਛੀ<br><br>(ਅ) ਰੁੱਖ ਵਾਤਾਵਰਨ ਦੀ ਸਫ਼ਾਈ ਕਿਵੇਂ ਰੱਖਦੇ ਹਨ?<br>1. ਆਪਣੀਆਂ ਤੇਜ਼ ਹਵਾਵਾਂ ਨਾਲ 2.ਮਨੁੱਖੀ ਗੁਰਦਿਆਂ ਵਾਂਗ<br>. 3. ਕਾਰਬਨ-ਡਾਈਆਕਸਾਈਡ ਨਾਲ 4.ਕਿਸੇ ਤਰ੍ਹਾਂ ਵੀ ਨਹੀਂ<br><br>(ੲ) ਮਨੁੱਖ ਰੁੱਖਾਂ ਨੂੰ ਕੀ ਪ੍ਰਦਾਨ ਕਰਦਾ ਹੈ?<br>1. ਆਕਸੀਜਨ 2. ਖ਼ੂਨ 3.ਕਾਰਬਨ-ਡਾਈਆਕਸਾਈਡ 4. ਕੁਝ ਵੀ ਨਹੀਂ<br><br>(ਸ)ਰੁੱਖ, ਮਨੁੱਖ ਦੀ ਕਿਸ ਤੋਂ ਸੁਰੱਖਿਆ ਕਰਦੇ ਹਨ?<br>1.ਮੀਂਹ-ਕਣੀ ਤੇ ਧੁੱਪ ਤੋਂ 2.ਕੁਦਰਤੀ ਆਫ਼ਤਾਂ ਤੋਂ 3. ਚੋਰਾਂ-ਡਾਕੂਆਂ ਤੋਂ<br>. 4. ਕਿਸੇ ਤੋਂ ਵੀ ਨਹੀਂ<br>(ਹ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦੱਸੋ-<br>1.ਰੁੱਖ ਤੇ ਮਨੁੱਖ 2. ਮਨੁੱਖ ਤੇ ਕੁਦਰਤ 3. ਰੁੱਖ ਤੇ ਵਾਤਾਵਰਨ<br>4. ਉਪਰੋਕਤ ਸਾਰੇ | |
| 2 | ਡਿੱਠਾ ਪੈਰ੍ਹਾ<br>ਇਹਦਾ ਰੰਗ ਸੰਧੂਰੀ ਹੈ, ਇਹ ਗੋਰੀ ਚਿੱਟੀ ਹੈ,<br>ਇਹਨੂੰ ਮੈਲ਼ੀ ਨਾ ਕਰਨਾ, ਇਹ ਮੇਰੇ ਪੰਜਾਬ ਦੀ ਮਿੱਟੀ ਹੈ।<br><br>1. ਉਪਰੋਕਤ ਪੰਕਤੀਆਂ ਵਿੱਚ ਸੰਧੂਰੀ ਰੰਗ ਕਿਸ ਨੂੰ ਕਿਹਾ ਗਿਆ ?<br>2. ਪੰਜਾਬ ਦੀ ਮਿੱਟੀ ਕਿਹੋ ਜਿਹੀ ਹੈ ?<br>3. ਕਵਿਤਾ ਵਿੱਚ ਕਵੀ ਦਾ ਨਾਂ ਦੱਸੋ ਹੈ?<br>4. 'ਮਿੱਟੀ ' ਦਾ ਲੈਅਾਤਮਕ ਸ਼ਬਦ ਲਿਖੋ? | |
| 3 | ਹੇਠਾਂ ਦਿੱਤੀ ਤਸਵੀਰ ਦਾ ਵਰਣਨ ਕਰੋ ਤੇ ਢੁਕਵਾਂ ਸਿਰਲੇਖ ਵੀ ਲਿਖੋ | |

| | | |
|---|---|---|
| |  | |
| 4 | ਵਿਆਕਰਨ<br>1. 'ਜਿਹੜਾ ਬੱਚਾ ਸਭ ਤੋਂ ਪਹਿਲਾਂ ਜਨਮ ਲਵੇ।' ਬਹੁਤੇ ਸ਼ਬਦਾਂ ਦੀ ਥਾਂ ਸਹੀ ਇੱਕ ਸ਼ਬਦ ਚੁਣੋ।<br>ੳ. ਜੇਠਾ. ਅ. ਸਪੁੱਤਰ . ੲ. ਵਡੇਰਾ ਸ. ਮੋਢੀ<br>2. 'ਦੇਸ ਲਈ ਜਾਨ ਦੇਣ ਵਾਲਾ 'ਬਹੁਤੇ ਸ਼ਬਦਾਂ ਦੀ ਥਾਂ ਸਹੀ ਇੱਕ ਸ਼ਬਦ ਚੁਣੋ।<br>ੳ. ਦੇਸ਼ -ਭਗਤ ਅ. ਸ਼ਹੀਦ ੲ. ਦੇਸ਼-ਰੱਖਿਆਕ. ਸ. ਬਲਿਦਾਨੀ<br>3. ਮਨਵੀਰ **ਮੁੱਢ** ਤੋਂ ਹੀ ਪੜ੍ਹਾਈ ਵਿੱਚ ਹੁਸ਼ਿਆਰ ਸੀ , **ਮੁੱਢ** ਦਾ ਸਹੀ ਅਰਥ ਚੁਣੋ।<br>ੳ. ਵਿੱਥ ਅ. ਅਰੰਭ ੲ. ਤੇਜ਼ ਸ. ਅੱਗੇ<br>4. **ਅੰਬਰ** ਦਾ ਵਿਰੋਧੀ ਸ਼ਬਦ ਚੁਣੋ<br>ੳ. ਧਰਤੀ . ਅ. ਆਸਮਾਨ ੲ. ਮੰਜ਼ਿਲ ਸ. ਪਤਾਲ<br>5. **ਅੱਖ** ਦਾ ਸਹੀ ਵਚਨ ਚੁਣੋ?<br>ੳ. ਅੱਖਾਂ ਅ. ਆਂਖੇਂ ੲ. ਅਖਾਂ ਸ. ਅੰਖਾਂ | |
| 5 | ਛੋਟੇ ਪ੍ਰਸ਼ਨ- ਉੱਤਰ<br>ੳ. ਗੁਰਮੀਤ ਸਿੰਘ ਦੇ ਬੱਚਿਆਂ ਦੇ ਕੀ ਨਾਂ ਸਨ ?<br>ਅ. ਬਿਸ਼ਨ ਸਿੰਘ ਕਿੱਥੇ ਰਹਿੰਦਾ ਸੀ ?<br>ੲ. ਟੈਲੀਫੋਨ ਦੀ ਕਾਢ ਕਿਸਨੇ ਕੱਢੀ ?<br>ਸ. ਅੱਜ ਟੈਲੀਫੋਨ ਨਾਲ ਇੱਕ -ਦੂਜੇ ਨਾਲ ਕੀ ਜੁੜਿਆ ਹੋਇਆ ਹੈ ?<br>ਹ. ਪੰਜਾਬ ਦੀ ਮਿੱਟੀ ਕਵਿਤਾ ਵਿੱਚ ਕਿਸਦੀ ਬਾਣੀ ਮਿੱਠੀ ਹੈ ? | |

| | | |
|---|---|---|
| | | |
| 6. | ਵੱਡੇ ਪ੍ਰਸ਼ਨ ਉੱਤਰ<br>ੳ. ਪੰਜਾਬ ਦੀ ਮਿੱਟੀ ਕਵਿਤਾ ਵਿੱਚ ਕਵੀ ਨੇ ਕਿਸਦੇ ਬਾਰੇ ਵਰਨਣ ਕੀਤਾ ਹੈ ?<br><br>ਅ. ਬਿਸ਼ਨ ਸਿੰਘ ਨੇ ਪਿੰਡ ਦੇ ਟੋਭੇ ਬਾਰੇ ਬੱਚਿਆਂ ਨੂੰ ਕੀ ਦੱਸਿਆ ਹੈ ? | |
| 7. | ਅਭਿਆਸੀ ਕਾਰਜ<br>. 1.ਸ਼ਬਦ ਅਰਥ- ਮੋਹ, ਸਾਂਝ<br>2.ਵਾਕ ਬਣਾਓ- ਐਲਾਨ , ਸੰਪਰਕ<br>3.ਖਾਲੀ ਥਾਵਾਂ ਭਰੋ-A ਬਿਸ਼ਨ ਸਿੰਘ ਉਹਨਾਂ ਨੂੰ......ਤੱਕ ਛੱਡਣ ਆਇਆ।<br>4.ਅੰਗਰੇਜ਼ੀ ਵਿੱਚ ਲਿੱਖੋ - ਪਿੰਡ,<br>5. ਸ਼ੁੱਧ ਕਰਕੇ ਲਿੱਖੋ -ਪਰਸਸਨਸਾ, ਸ਼ੇਹਰ | |